# ਸੂਚਨਾ ਦਾ ਅਧਿਕਾਰ ਐਕਟ-2005

ਸਾਰੇ ਨਾਗਰਿਕਾਂ ਨੂੰ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਹੈ।


ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਸੈਕਟਰ 36 ਏ ਚੰਡੀਗੜ੍ਹ

ਟੈਲੀਫੋਨ : 0172-2622585,2615385

ਫੈਕਸ: 0172-2660734

Website: www.punjabteched.com and www.punjabteched.net


## ਆਰ.ਟੀ.ਆਈ. ਤਹਿਤ ਸੂਚਨਾ ਕਿਵੇਂ ਪ੍ਰਾਪਤ ਕੀਤੀ ਜਾਵੇ।

ਆਰ.ਟੀ.ਆਈ. ਅਧੀਨ ਉੱਤਰ ਕਾਪੀਆਂ ਦੇਖਣ ਜਾਂ ਫੋਟੋ ਕਾਪੀ ਲੈਣ ਤੋਂ ਇਲਾਵਾ ਜਿਸ ਸੂਚਨਾ ਦੀ ਤੁਸੀਂ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੇ ਜਨ ਸੂਚਨਾ ਅਧਿਕਾਰੀ (ਜਨਰਲ) ਤੋਂ ਮੰਗ ਸਕਦੇ ਹੋ, ਉਸ ਮੰਗ ਲਈ ਸੂਚਨਾ ਨੂੰ ਫਾਰਮ-'A' ਜਿਸ ਦਾ ਨਮੂਨਾ ਬੋਰਡ ਦੀ ਵੈਬਸਾਈਟ ਤੋਂ ਬੋਰਡ ਦੇ ਜਨ ਸੂਚਨਾ ਅਧਿਕਾਰੀ (ਜਨਰਲ) ਪਾਸੋਂ ਪ੍ਰਾਪਤ ਕਰਕੇ ਸਾਫ ਸੁਥਰੇ ਢੰਗ ਨਾਲ ਪੰਜਾਬੀ,ਹਿੰਦੀ ਜਾਂ ਅੰਗਰੇਜੀ ਭਾਸ਼ਾ ਵਿੱਚ ਭਰ ਕੇ ਭੇਜਿਆ ਜਾਵੇ। ਇਹ ਯਕੀਨੀ ਬਣਾਇਆ ਜਾਵੇਕਿ ਤੁਹਾਡੇ ਵਲੋਂ ਮੰਗੀ ਗਈ ਸੂਚਨਾ ਸਪੱਸ਼ਟ ਹੋਵੇ, ਫਾਰਮ ਵਿੱਚ ਨਾਂ/ਪਤਾ/ਮਿਤੀ/ਫੋਨ ਨੰਬਰ/ਮੋਬਾਇਲ ਨੰਬਰ ਸਹੀ ਰੂਪ ਵਿੱਚ ਦਰਸਾਇਆ ਜਾਵੇ। ਇਸ ਮੰਤਵ ਲਈ ਅਰਜ਼ੀ ਦੀ ਫੀਸ 10 ਰੁਪਏ ਅਤੇ ਭੇਜੀ ਜਾਣ ਵਾਲੀ ਸੂਚਨਾ ਲਈ ਡਾਕ ਖਰਚ ਵਲੋਂ ਟਿਕਟਾਂ ਲੱਗਾ ਲਿਫਾਫਾ ਵੱਖਰਾਂ ਜਮ੍ਹਾਂ ਕਰਵਾਇਆ ਜਾਵੇ ਅਤੇ ਰਸੀਦ ਪ੍ਰਾਪਤ ਕੀਤੀ ਜਾਵੇ। ਤੁਹਾਡੇ ਵਲੋਂ ਮੰਗੀ ਗਈ ਸੂਚਨਾ ਅਰਜ਼ੀ ਪਹੁੰਚਣਤੋਂ 30 ਦਿਨਾਂ ਦੇ ਅੰਦਰ ਅੰਦਰ ਪ੍ਰਾਪਤ ਹੋ ਜਾਣੀ ਚਾਹੀਦੀ ਹੈ।

## ਸਬੰਧਤ ਅਧਿਕਾਰੀਆਂ ਦੇ ਨਾਂ ਅਤੇ ਪਤੇ

| ਲੜੀ ਨੰ: | ਸੂਚਨਾ ਦੀ ਕਿਸਮ | ਨਾਂ | ਆਹੁਦਾ | ਮਿਲਣ ਸਬੰਧੀ ਵੇਰਵਾ |
|---|---|---|---|---|
| 1 | ਉੱਤਰ ਕਾਪੀ ਨਾਲ ਸਬੰਧਤ ਸੂਚਨਾ ਤੋਂ ਇਲਾਵਾ ਕੋਈ ਵੀ ਸੂਚਨਾ | ਡਾ: ਗੁਰਸੇਵਕ ਸਿੰਘ | ਡਿਪਟੀ ਡਾਇਰੈਕਟਰ ਅਕੈਡਮਿਕ | ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਗਰਾਂਉਂਡ ਫਲੋਰ |

ਜੇਕਰ ਆਪ ਨੂੰ ਸੂਚਨਾ 30 ਦਿਨਾਂ ਦੇ ਅੰਦਰ ਅੰਦਰ ਪ੍ਰਾਪਤ ਨਹੀਂ ਹੁੰਦੀ ਤਾਂ ਤੁਸੀਂ ਮਿਲੀ ਸੂਚਨਾ ਤੋਂ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ ਸਬੰਧਤ ਫਸਟ ਐਪੀਲੇਟ ਅਥਾਰਿਟੀ ਸਕੱਤਰ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਨੂੰ ਅਪੀਲ ਕਰ ਸਕਦੇ ਹੋ। ਜੇਕਰ ਸੂਚਨਾ ਤਦ ਵੀ ਪ੍ਰਾਪਤ ਨਹੀਂ ਹੁੰਦੀ ਤਾਂ ਤੁਸੀਂ ਪੰਜਾਬ ਰਾਜ ਸੂਚਨਾ ਕਮਿਸ਼ਨ ਐਸ ਸੀ ਓ 84-85 ਸੈਕਟਰ 17-ਸੀ ਚੰਡੀਗੜ੍ਹ ਨੂੰ ਅਪੀਲ/ਸ਼ਿਕਾਇਤ ਕਰ ਸਕਦੇ ਹੋ।

## ਉੱਤਰ ਕਾਪੀਆਂ ਨਾਲ ਸੰਬੰਧਤ ਸੂਚਨਾ ਲਈ ਪ੍ਰੀਖਿਆਰਥੀ ਅਰਜ਼ੀ ਕਿਵੇਂ ਦੇਣ

ਬੋਰਡ ਦੀਆਂ ਪ੍ਰੀਖਿਆਵਾਂ ਨਾਲ ਸਬੰਧਤ ਪ੍ਰੀਖਿਆਰਥੀ ਆਰ. ਟੀ. ਆਈ ਐਕਟ 2005 ਅਧੀਨ ਆਪਣੀ ਉੱਤਰ ਪੱਤਰੀ ਦੀ ਸੂਚਨਾ ਲਈ ਅਰਜ਼ੀ ਰੀ-ਚੈਕਿੰਗ ਲਈ ਨਿਰਧਾਰਿਤ ਫਾਰਮ ਤੇ ਛਪੀਆਂ ਹਦਾਇਤਾਂ ਅਨੁਸਾਰ ਫੀਸ ਭੇਜਕੇ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 1 ਮਹੀਨੇ ਦੇ ਅੰਦਰ-2 ਜਨ ਸੂਚਨਾ ਅਧਿਕਾਰੀ ਪ੍ਰੀਖਿਆਵਾਂ (ਪਾਲੀਟੈਕਨਿਕ/ਆਈ. ਟੀ. ਆਈ. ) ਤੋਂ ਪ੍ਰਾਪਤ ਕਰ ਸਕਦੇ ਹਨ। ਇਹ ਸੂਚਨਾ ਪ੍ਰੀਖਿਆਰਥੀ ਦੀ ਅਰਜ਼ੀ ਪਹੁੰਚਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਉਸ ਨੂੰ ਪਹੁੰਚ ਜਾਣੀ ਚਾਹੀਦੀ ਹੈ। ਜੇਕਰ ਸੂਚਨਾ 30 ਦਿਨਾਂ ਵਿੱਚ ਨਹੀਂ ਪੰਹੁਚਦੀ ਤਾਂ ਫਸਟ ਐਪੀਲੇਟ ਅਥਾਰਿਟੀ ਸਕੱਤਰ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਨੂੰ ਅਪੀਲ ਕੀਤੀ ਜਾ ਸਕਦੀ ਹੈ।

ਫੀਸ ਦਾ ਵੇਰਵਾ

(1) ਜੇਕਰ ਇੱਕਲੀ ਰੀ-ਚੈਕਿੰਗ ਕਰਵਾਉਣੀ ਹੈ ਤਾਂ 75 ਰੁਪਏ ਪ੍ਰਤੀ ਕਾਪੀ +50 ਰੁਪਏ ਰੀਚੈਕਿੰਗ ਫਾਰਮ

(2) ਜੇਕਰ ਆਰ. ਟੀ. ਆਈ ਐਕਟ ਅਧੀਨ ਉੱਤਰ ਕਾਪੀ ਦੇਖਣੀ ਹੈ ਜਾਂ ਫੋਟੋ ਕਾਪੀ ਲੈਣੀ ਹੈ

| | | |
|---|---|---|
| ਆਰ.ਟੀ. ਆਈ ਐਕਟ ਅਨੁਸਾਰ ਅਰਜੀ ਦੀ ਫੀਸ | 10/- ਰੁਪਏ | 635/- ਰੁਪਏ ਕੁੱਲ |
| ਰੀ-ਚੈਕਿੰਗ ਦੀ ਫੀਸ | 75+50= 125 ਰੁਪਏ | |
| ਖੇਤਰ ਜਾਂ ਨੋਡਲ ਸੈਂਟਰ ਤੋਂ ਉੱਤਰ ਕਾਪੀ ਮੰਗਵਾਉਣਾ ਦਾ ਖਰਚ | 500/- ਰੁਪਏ ਪ੍ਰਤੀ ਉੱਤਰ ਕਾਪੀ | |

ਉੱਤਰ ਕਾਪੀ ਵੇਖਣ ਤੋਂ ਬਾਅਦ ਉਸ ਦੀ ਫੋਟੋ ਕਾਪੀ ਲੈਣੀ ਹੋਵੇ ਤਾਂ ਐਕਟ ਅਨੁਸਾਰ 2/- ਰੁਪਏ ਪ੍ਰਤੀ ਪੰਨਾ ਅਤੇ ਡਾਕ ਖਰਚ ਵੱਖਰਾ।

ਨੋਟ: ਕਿਸੇ ਪ੍ਰੀਖਿਆਰਥੀ ਦੀ ਉੱਤਰ ਕਾਪੀ ਦੀ ਸੂਚਨਾ ਲਈ ਅਰਜ਼ੀ ਪ੍ਰੀਖਿਆਰਥੀ ਖੁਦ ਹੀ ਦੇ ਸਕਦਾ ਹੈ, ਕੋਈ ਹੋਰ ਨਾਗਰਿਕ ਨਹੀਂ।

## ਉੱਤਰ ਕਾਪੀ ਦੀ ਸੂਚਨਾ ਲਈ ਸਬੰਧਤ ਅਧਿਕਾਰੀਆਂ ਦਾ ਨਾਂ ਅਤੇ ਪਤਾ:

| ਸੂਚਨਾ ਦੀ ਕਿਸਮ | ਨਾਮ | ਆਹੁਦਾ | ਮਿਲਣ ਸਬੰਧੀ ਵੇਰਵਾ |
|---|---|---|---|
| ਪਾਲੀਟੈਕਨਿਕ ਪ੍ਰੀਖਿਆਵਾਂ ਨਾਲ ਸਬੰਧਤ ਉੱਤਰ ਕਾਪੀ | ਸ਼੍ਰੀਮਤੀ ਅੰਜੂ ਅਗਰਵਾਲ | ਸਹਾਇਕ ਕੰਟਰੋਲਰ ਪ੍ਰੀਖਿਆਵਾਂ(ਪਾਲੀਟੈਕਨਿਕ) | ਗਰਾਂਉਡ ਫਲੋਰ ਫੋਨ ਨੰ: 0172-2622585 |
| ਆਈ ਟੀ ਆਈ ਪ੍ਰੀਖਿਆ ਨਾਲ ਸਬੰਧਤ ਉੱਤਰ ਕਾਪੀ | ਸ੍ਰੀ ਦਲਜਿੰਦਰ ਸਿੰਘ | ਕੰਟਰੋਲਰ ਪੀਖਿਆਵਾਂ ਆਈ ਟੀ ਆਈ | ਪਹਿਲੀ ਮੰਜਿਲ ਫੋਨ ਨੰ: 0172-2666333 |

# APPLICATION FORMAT
# FOR INFORMATION UNDER RTI ACT 2005

To

Central Public Information Officer
Ministry of Tourism
Government of India
C-1 Hutments
Dalhousie Road
New Delhi -110011

1. Full Name of the Applicant (in capital letters)
______________________________________________

2. Father's /Husband Name ( in capital letters) _________________-
_____________________________

3. Complete address ______________________________________________

Pin code ______________________________________________

4. Telephone No. Office _________________Res. _________________Mobile _________________________

5. Whether belong to BPL category (if yes, please attach a copy of the BPL/Antyodaya ration card (please tick) Yes_______ No ________ to claim waiver of the application fee)

6. Details of Application Fee/Addl. Fee:- (Application Fee – Rs. 10/-., Addl. Fee - @ Rs.2/- per page for A-4 Size paper created or copied, by cash, DD/BC/IPO to be drawn in favour of Pay & Account Office, Ministry of Tourism, Payable at the office where application is submitted)

| Cash Receipt/DD/Bankers Cheque / IPO No. | Date | Name of the issuing Bank/Authority | Amount(Rs.) |
|---|---|---|---|
| | | | |

7. Particulars of information required (please enclose separate sheet, if required, indicating specific detail of information required and the preferred medium i.e. inspection, photocopy, softcopy, etc.)

## DECLARATION

I state that the information sought does not fall within the restriction contained in Section 8 & 9 of the RTI Act and to the best of my knowledge it pertains to your office.

Place: _______________
Date: ________________